# ਪੰਜਾਬ ਸਕੂਲ ਸਿੱਖਿਆ ਬੋਰਡ
## ਪ੍ਰੈੱਸ ਨੋਟ

ਵਿਸ਼ਾ: ਵੋਕੇਸ਼ਨਲ ਸਟਰੀਮ ਦੀ 12ਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਦੀ ਤਿੰਨ ਮਹੀਨੇ (ਅਪ੍ਰੈਲ ਤੋਂ ਜੂਨ) **ਦੀ On the Job Training ਦੇ ਅਸੈਸਮੈਂਟ ਅੰਕ ਭੇਜਣ ਸੰਬੰਧੀ ਤਬਦੀਲੀ ਬਾਰੇ।**

ਪੰਜਾਬ ਰਾਜ ਦੇ ਵੋਕੇਸ਼ਨਲ ਸਟਰੀਮ ਅਧੀਨ ਆਉਂਦੇ ਸੀਨੀਅਰ ਸੈਕੰਡਰੀ ਸਕੂਲਾਂ ਦੇ ਮੁਖੀਆਂ ਅਤੇ ਲੈਕਚਰਾਰਾਂ ਨੂੰ ਇਸ ਪ੍ਰੈੱਸ ਨੋਟ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਅਕਾਦਮਿਕ ਸਾਲ 2019-20 ਤੋਂ ਵੋਕੇਸ਼ਨਲ ਸਟਰੀਮ ਦੀ 12ਵੀਂ ਸ਼੍ਰੇਣੀ ਅਧੀਨ ਲਾਗੂ ਤਿੰਨ ਮਹੀਨੇ (ਅਪ੍ਰੈਲ ਤੋਂ ਜੂਨ) ਦੀ On the job Training ਦੇ ਅਸੈਸਮੈਂਟ ਅੰਕ ਬੋਰਡ ਨੂੰ ਭੇਜੇ ਜਾਣ ਸੰਬੰਧੀ ਤਬਦੀਲੀ ਕੀਤੀ ਗਈ ਹੈ ਜਿਸ ਅਨੁਸਾਰ On the job Training ਦੀ ਮਿਆਦ ਪੂਰੀ ਹੋਣ ਉਪਰੰਤ ਮਿਤੀ 01 ਜੁਲਾਈ ਨੂੰ ਸਬੰਧਿਤ ਸਕੂਲਾਂ ਵੱਲੋਂ ਬੋਰਡ ਨੂੰ ਅਸੈਸਮੈਂਟ ਅੰਕ ਭੇਜੇ ਜਾਣਗੇ ਅਤੇ 07 ਜੁਲਾਈ ਤੱਕ ਵੋਕੇਸ਼ਨਲ ਸਟਰੀਮ ਦਾ ਨਤੀਜਾ ਐਲਾਨਿਆ ਜਾ ਸਕੇਗਾ ।

ਉਪਰੋਕਤ ਤੋਂ ਇਲਾਵਾ ਬੋਰਡ ਵੱਲੋਂ ਵੋਕੇਸ਼ਨਲ ਸਟਰੀਮ ਦੀ ਬਾਰ੍ਹਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਨੂੰ ਕੇਵਲ ਇੱਕ ਸਰਟੀਫਿਕੇਟ/DMC ਜਾਰੀ ਕੀਤਾ ਜਾਵੇਗਾ। ਵਿਦਿਆਰਥੀਆਂ ਵੱਲੋਂ ਤਿੰਨ ਮਹੀਨੇ ਦੀ On the Job Training ਪੂਰੀ ਕੀਤੀ ਗਈ ਹੈ ਸਬੰਧੀ ਸਰਟੀਫਿਕੇਟ/ DMC ਦੇ ਅੰਤ ਵਿੱਚ ਫੁੱਟ ਨੋਟ "The candidate has successfully completed three months of On the Job Training" ਦਿੱਤਾ ਜਾਵੇਗਾ।

ਸਕੱਤਰ
ਪੰਜਾਬ ਸਕੂਲ ਸਿੱਖਿਆ ਬੋਰਡ